**शिक्षा निदेशालय, राष्ट्रीय राजधानी क्षेत्र दिल्ली**

**Annual Syllabus (2026-27)**

**Class- VII**

**Subject- Punjabi**

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਪਾਠਕ੍ਰਮ ਟੀਚੇ ਅਤੇ ਯੋਗਤਾਵਾਂ | ਸਿੱਖਣ ਨਤੀਜੇ | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-1**<br>**ਮਾਂ-ਬੋਲੀ ਪੰਜਾਬੀ**<br>**(ਕਵਿਤਾ)** | ਮਾਂ-ਬੋਲੀ ਪੰਜਾਬੀ ਦਾ ਗੁਣ-ਗਾਣ ਕਰਨਾ। | ਮਿਲਾਨ ਕਰੋ,<br>ਵਾਕਾਂ ਵਿੱਚ ਵਰਤੋਂ। | CG-1 ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ, ਘਟਨਾਵਾਂ , ਸਥਿਤੀਆਂ, ਕਹਾਣੀ ਜਾਂ ਕਲਪਨਾ ਦਾ ਵਿਸਤਾਰਪੂਰਵਕ ਵਰਨਣ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ<br>- C-1.1 ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ<br>C-1.2 ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ। \|<br>C-1.3 ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ \|<br>C-2.1 \| ਕਹਾਣੀਆਂ ਅਤੇ ਪੈਰਿਆ ਨੂੰ ਸ਼ੁੱਧਤਾ, ਉਚਿਤ ਠਹਿਰਾਅ ਅਤੇ ਲੈਅ ਨਾਲ ਪੜ੍ਹਨਾ। \|<br>C-2.2 \| ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ। \|<br>CG-3 \| ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ। | -ਵਿਦਿਆਰਥੀਆਂ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਲੈਅਬੱਧ ਤਰੀਕੇ ਨਾਲ ਕਵਿਤਾ ਪਾਠ ਦਾ ਗਾਇਨ ਕਰਦੇ ਹਨ ।<br>-ਮਾਂ-ਬੋਲੀ ਬਾਰੇ ਜਾਣਕਾਰੀ ਰੱਖਦੇ ਹਨ।<br>- ਵਿਦਿਆਰਥੀਆਂ ਕਵਿਤਾ ਦੇ ਕੇਂਦਰੀ ਭਾਵ ਨੂੰ ਸਮਝਦੇ ਹਨ। | -ਕਵਿਤਾ ਦੇ ਭਾਵ-ਅਰਥ ਸਮਝਾਉਂਦੇ ਹੋਏ ਔਖੇ ਸ਼ਬਦ-ਅਰਥ ਲਿਖਵਾਉਣਾ ਅਤੇ ਨਾਲ ਹੀ ਕਵਿਤਾ ਵਿੱਚ ਆਈਆਂ ਮਾਤਰਾਵਾਂ ਦੀ ਦੁਹਰਾਈ ਕਰਵਾਉਣਾ।<br>- ਮਾਂ ਬੋਲੀ ਕੀ ਹੁੰਦੀ ਹੈ ਤੇ ਮਾਂ-ਬੋਲੀ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ? ਇਸ ਬਾਰੇ ਜਮਾਤ ਵਿੱਚ ਚਰਚਾ ਕਰਨਾ।<br>-ਕਵਿਤਾ ਦੀਆਂ ਤੁਕਾਂ ਦਾ ਵਾਰ-ਵਾਰ ਉਚਾਰਨ ਕਰਵਾ ਕੇ ਅਭਿਆਸ ਕਰਾਉਣਾ।<br>- ਕਵਿਤਾ ਵਿੱਚ ਆਏ ਔਖੇ ਸ਼ਬਦਾਂ ਦਾ ਉਸਦੇ ਅਰਥਾਂ ਨਾਲ ਮਿਲਾਨ ਕਰਾਉਣਾ।<br>- ਮਾਂ ਬੋਲੀ ਵਿਸ਼ੇ 'ਤੇ ਪੰਜ ਵਾਕ ਲਿਖਵਾਉਣਾ। |

| | | | | | |
|---|---|---|---|---|---|
| | | | | | |
| ਪਾਠ-2<br>**ਕੰਮ ਅਤੇ ਭਗਤੀ (ਕਹਾਣੀ)** | ਕੰਮ ਨੂੰ ਭਗਤੀ ਮੰਨਦੇ ਹੋਏ ਕੰਮ ਦੀ ਅਹਿਮੀਅਤ ਦਰਸਾਉਣਾ। | ਗੁਰਮੁਖੀ ਸ਼ਬਦ, ਨਾਂਵ ਅਤੇ ਕਿਸਮਾਂ ਬਾਰੇ ਵਿਹਾਰਕ ਪ੍ਰਸ਼ਨ। | C-3.1 \| ਆਪਣੀ ਸਮਝ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। \| | -ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>ਕਹਾਣੀ ਪੜ੍ਹਨ ਤੋਂ ਬਾਅਦ ਵਿਸ਼ਾ-ਵਸਤੂ ਨੂੰ ਸਮਝਦੇ ਹਨ।<br>-ਕੰਮ ਦੇ ਮਹੱਤਵ ਨੂੰ ਸਮਝਦੇ ਹਨ। | -ਅਧਿਆਪਕ ਜਮਾਤ ਵਿੱਚ ਅਜਿਹਾ ਮਾਹੌਲ ਬਣਾਵੇ ਕਿ ਵਿਦਿਆਰਥੀਆਂ ਵੱਲੋਂ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਹੋ ਸਕੇ।<br>-ਕੰਮ ਦੇ ਮਹੱਤਵ ਬਾਰੇ ਜਮਾਤ ਵਿੱਚ ਚਰਚਾ ਕਰਨਾ।<br>- ਕੋਈ ਸਿੱਖਿਆਦਾਇਕ ਕਹਾਣੀ ਯਾਦ ਕਰਕੇ ਆਉਣ ਲਈ ਦੇਣਾ।<br>-ਨਾਂਵ ਅਤੇ ਕਿਸਮਾਂ ਦੀ ਕਾਰਡ-ਗੇਮ ਗਤੀਵਿਧੀ ਕਰਾਉਣਾ। |
| ਪਾਠ-3<br>**ਹੁਣ ਚੀਜ਼ਾਂ ਨਹੀਂ ਗੁਆਚਦੀਆਂ (ਲੇਖ)** | ਚੀਜ਼ਾਂ ਨੂੰ ਉਹਨਾਂ ਦੀ ਨਿਸ਼ਚਿਤ ਥਾਂ ਉੱਤੇ ਰੱਖਣ ਦੀ ਆਦਤ ਪਾਉਣ ਦਾ ਸੁਨੇਹਾ ਦੇਣਾ। | ਵਾਕਾਂ ਵਿੱਚ ਵਰਤੋ, ਵਚਨ ਬਦਲੋ, ਨਾਂਵ ਸ਼ਬਦ, ਪੜਨਾਂਵ ਸ਼ਬਦ। | | - ਲੇਖ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ।<br>-ਚੀਜ਼ਾਂ ਨੂੰ ਨਿਸ਼ਚਿਤ ਟਿਕਾਣੇ ਉੱਤੇ ਰੱਖਣ ਬਾਰੇ ਸਿੱਖਦੇ ਹਨ।<br>-ਨਾਂਵ ਅਤੇ ਪੜਨਾਂਵ ਸ਼ਬਦਾਂ ਦੀ ਪਛਾਣ ਕਰਦੇ ਹਨ। | -ਪਾਠ ਪੜ੍ਹਨ ਉਪਰੰਤ ਵਿਦਿਆਰਥੀਆਂ ਨੂੰ ਚੀਜ਼ਾਂ ਦੇ ਰੱਖ-ਰਖਾਵ ਬਾਰੇ ਆਈ ਸਮਝ ਉੱਤੇ ਚਰਚਾ ਕਰਵਾਉਣਾ।<br>-ਜਮਾਤ ਨੂੰ ਕਿਸ ਤਰ੍ਹਾਂ ਸਾਫ਼-ਸੁਥਰਾ ‘ਤੇ ਸੁੰਦਰ ਬਣਾਇਆ ਜਾ ਸਕਦਾ ਹੈ, ਇਸ ਬਾਰੇ ਜਮਾਤ ਵਿੱਚ ਚਰਚਾ ਕਰਨਾ।<br>-ਬਹੁਤ ਸਾਰੇ ਸ਼ਬਦ ਦੇ ਕੇ ਨਾਂਵ ਅਤੇ ਪੜਨਾਂਵ ਸ਼ਬਦ ਚੁਣਨ ਲਈ ਦਿੱਤੇ ਜਾ ਸਕਦੇ ਹਨ।<br>-ਪੜਨਾਂਵ ਸ਼ਬਦ ਦੇ ਕੇ ਵਾਕ ਬਣਾਉਣ ਲਈ ਸਹਾਇਤਾ ਕਰਨੀ। |
| ਪਾਠ-4<br>**ਇੱਕ ਯਾਦਗਾਰੀ ਸਫ਼ਰ (ਯਾਤਰਾ)** | ਜਗਨਨਾਥ ਪੁਰੀ ਦੀ ਯਾਤਰਾ ਬਾਰੇ ਜਾਣਕਾਰੀ ਦੇਣਾ। | ਗੁਰਮੁਖੀ ਸ਼ਬਦ, ਵਿਰੋਧੀ ਸ਼ਬਦ, ਆਮ ਨਾਂਵ ਤੇ ਖਾਸ ਨਾਂਵ ਦਾ ਅੰਤਰ, ਪੜਨਾਂਵ ਸ਼ਬਦਾਂ ਦੀ ਪਛਾਣ। | | - ਸਫ਼ਰਨਾਮਾ ਵਿਧਾ ਬਾਰੇ ਸਿੱਖਦੇ ਹਨ।<br><br>- ਜਗਨਨਾਥ ਪੁਰੀ ਬਾਰੇ ਵਿਸਤਾਰ ਸਹਿਤ ਜਾਣਕਾਰੀ ਰੱਖਦੇ ਹਨ ਅਤੇ ਆਪਣੀ ਕਿਸੇ ਯਾਤਰਾ ਦਾ ਅਨੁਭਵ ਸਾਂਝਾ ਕਰਦੇ ਹਨ । -ਪੜਨਾਂਵ ਸ਼ਬਦਾਂ ਦੀ ਸਹਾਇਤਾ ਨਾਲ ਵਾਕ ਬਣਾਉਦੇ ਹਨ।<br>- ਆਮ ਨਾਂਵ ਤੇ ਖਾਸ ਨਾਂਵ ਵਿਚਕਾਰ ਅੰਤਰ ਨੂੰ ਸਮਝਦੇ ਹਨ । | -ਸੈਰ-ਸਪਾਟੇ ਦੇ ਵਿੱਦਿਅਕ ਲਾਭ ਬਾਰੇ ਚਰਚਾ ਕਰਨਾ।<br>-ਵਿਦਿਆਥੀਆਂ ਨੂੰ ਆਪਣੇ ਕੋਈ ਯਾਦਗਾਰੀ ਸਫ਼ਰ ਬਾਰੇ ਪੈਰਾ ਲਿਖਣ ਨੂੰ ਦੇਣਾ।<br>-ਵਿਰੋਧੀ ਸ਼ਬਦਾਂ ਦੀ ਟੀਮ ਮੁਕਾਬਲਾ ਗਤੀਵਿਧੀ ਕਰਾਉਣਾ। |
| ਪਾਠ-5<br>**ਤੇਜਸਵੀ ਰਾਸ਼ਟਰਪਤੀ- ਡਾ. ਅਬਦੁਲ ਕਲਾਮ (ਜੀਵਨੀ)** | ਡਾ. ਅਬਦੁਲ ਕਲਾਮ ਦੇ ਜੀਵਨ,ਸੰਘਰਸ਼ ਤੇ ਪ੍ਰਾਪਤੀਆਂ ਬਾਰੇ ਦੱਸ ਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ। | ਗੁਰਮੁਖੀ ਸ਼ਬਦ, ਖਾਸ ਨਾਂਵ, ਲਿੰਗ ਬਦਲੋ, ਵਿਸ਼ੇਸ਼ਣ। | | -ਜੀਵਨੀ ਵਿਧਾ ਬਾਰੇ ਜਾਣਕਾਰੀ ਰੱਖਦੇ ਹਨ।<br>-ਜੀਵਨੀ ਵਿੱਚ ਆਏ ਵਿਚਾਰਾਂ ਨੂੰ ਸਮਝਦੇ ਹਨ।<br>-ਡਾ. ਅਬਦੁਲ ਕਲਾਮ ਬਾਰੇ ਜਾਣਕਾਰੀ ਹਾਸਿਲ ਕਰਦੇ ਹਨ ਅਤੇ ਉਹਨਾਂ ਦੇ ਜੀਵਨ ਸੰਘਰਸ਼ਾਂ ਤੋਂ ਪ੍ਰੇਰਨਾ ਲੈਂਦੇ ਹਨ। | -ਪਾਠ ਪੜ੍ਹਨ ਉਪਰੰਤ ਡਾ. ਅਬਦੁਲ ਕਲਾਮ ਦੇ ਵਿਅਕਤੀਤੱਵ ਬਾਰੇ ਕੁਝ ਸਤਰਾਂ ਲਿਖਣ ਲਈ ਦਿੱਤੀਆਂ ਜਾ ਸਕਦੀਆਂ ਹਨ।<br>- ਹੁਣ ਤੱਕ ਭਾਰਤ ਵਿੱਚ ਹੋਏ ਰਾਸ਼ਟਰਪਤੀਆਂ ਦੇ ਚਿੱਤਰ ਤੇ ਨਾਂ ਬਾਰੇ ਚਾਰਟ ਬਣਾਉਣ ਲਈ ਦੇਣਾ। |

| | | | | | |
|---|---|---|---|---|---|
| | | | | | - ਆਪਣੇ ਦੇਸ ਦੇ ਕਿਸੇ ਹੋਰ ਮਹਾਨ ਵਿਅਕਤੀ ਬਾਰੇ ਜਮਾਤ ਵਿੱਚ ਚਰਚਾ ਕਰਨਾ। |
| **ਪਾਠ-6**<br>**ਭਾਰਤ ਮਾਤਾ**<br>**(ਕਵਿਤਾ)**<br>**ਸਿਰਫ਼ ਪੜ੍ਹਨ ਲਈ** | ਭਾਰਤ ਦੀ ਅਜ਼ਾਦੀ ਲਈ ਹੋਏ ਸੰਘਰਸ਼ ਅਤੇ ਸ਼ਹੀਦੀਆਂ ਦੇਣ ਵਾਲੇ ਦੇਸ਼ ਭਗਤਾਂ ਦੀ ਸ਼ਹਾਦਤ ਤੋਂ ਜਾਣੂ ਕਰਵਾਉਣਾ। | ਤਸਵੀਰ ਵਰਨਣ। | | - ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਕਵਿਤਾ ਦਾ ਆਨੰਦ ਮਾਣਦੇ ਹਨ।<br>-ਦਿੱਲੀ ਦੇ ਪਿਛੋਕੜ ਬਾਰੇ ਜਾਣਕਾਰੀ ਰੱਖਦੇ ਹਨ।<br>- ਭਾਰਤ ਨੂੰ ਅਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਬਾਰੇ ਜਾਣਦੇ ਹਨ ਅਤੇ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹਨ। | -ਕਵਿਤਾ ਨੂੰ ਯਾਦ ਕਰਵਾ ਕੇ ਜਮਾਤ ਵਿੱਚ ਸੁਣਿਆ ਜਾ ਸਕਦਾ ਹੈ।<br>-ਭਾਰਤ ਦੀ ਅਜ਼ਾਦੀ ਲਈ ਸ਼ਹੀਦ ਹੋਏ ਪੰਜ ਦੇਸ਼ ਭਗਤਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਕਾਪੀ ਵਿੱਚ ਚਿਪਕਾ ਕੇ ਉਹਨਾਂ ਦੇ ਪੰਜਾਬੀ ਵਿੱਚ ਨਾਂ ਲਿਖਣ ਲਈ ਦਿੱਤੇ ਜਾ ਸਕਦੇ ਹਨ।<br>-ਕੋਈ ਵੀ ਦੇਸ਼ ਭਗਤੀ ਗੀਤ ਯਾਦ ਕਰਨ ਲਈ ਦੇਣਾ।<br>-ਕਵਿਤਾ ਦੀਆਂ ਤੁਕਾਂ ਦਾ ਵਾਰ-ਵਾਰ ਉਚਾਰਨ ਕਰਵਾ ਕੇ ਅਭਿਆਸ ਕਰਾਉਣਾ।<br>-ਕਵਿਤਾ ਵਿੱਚ ਆਏ ਔਖੇ ਸ਼ਬਦਾਂ ਦਾ ਉਸਦੇ ਅਰਥਾਂ ਨਾਲ ਮਿਲਾਨ ਕਰਵਾਉਣਾ। |
| **ਪਾਠ-7**<br>**ਬਲਬ ਦਾ ਭੂਤ**<br>**(ਕਹਾਣੀ)** | -ਅੰਧ-ਵਿਸ਼ਵਾਸ ਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਅਤੇ ਆਪਣੀ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਵਿਗਿਆਨਕ ਸੋਚ ਅਪਨਾਉਣ ਦੀ ਪ੍ਰੇਰਣਾ ਦੇਣਾ। | ਵਾਕਾਂ ਵਿੱਚ ਵਰਤੋਂ, ਲਿੰਗ ਬਦਲੋ। | | ਵਿਦਿਆਰਥੀ ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>- ਅੰਧਵਿਸ਼ਵਾਸਾਂ ਪ੍ਰਤੀ ਜਾਗਰੂਕ ਹੁੰਦੇ ਹਨ।<br>- ਵਿਗਿਆਨਕ ਸੋਚ ਅਪਨਾਉਂਦੇ ਹਨ।<br>-ਪਾਠ ਦਾ ਵਿਸ਼ਾ-ਵਸਤੂ ਸਮਝਦੇ ਹਨ। | -ਵਿਦਿਆਰਥੀਆਂ ਨੂੰ ਆਪਣੇ ਮਨ ਵਿੱਚ ਪਾਠ ਦੇ ਵਿਸ਼ੇ ਸੰਬੰਧੀ ਉੱਠੇ ਵਿਚਾਰਾਂ ਨੂੰ ਸਾਂਝਾ ਕਰਨ ਦਾ ਮੌਕਾ ਦਿੱਤਾ ਜਾਵੇ ਅਤੇ ਚਰਚਾ ਕੀਤੀ ਜਾਵੇ।<br>- ਸਮਾਜ ਵਿੱਚ ਪ੍ਰਚਲਿਤ ਵਹਿਮਾਂ-ਭਰਮਾਂ ਉੱਪਰ ਚਰਚਾ ਕਰਨਾ।<br>- ਅਸੀਂ ਆਪਣੇ ਆਪ ਨੂੰ ਕਿਵੇਂ ਵਹਿਮਾਂ-ਭਰਮਾਂ ਤੋਂ ਬਚਾ ਸਕਦੇ ਹਾਂ? ਇਸ ਬਾਰੇ ਚਰਚਾ ਕਰਨਾ।<br>-ਪਾਠ ਵਿੱਚੋਂ ਕੁਝ ਅਸਾਨ ਸ਼ਬਦ ਦੇ ਕੇ ਵਾਕ ਬਣਾਉਣ ਦਾ ਅਭਿਆਸ ਕਰਾਉਣਾ।<br>- 'ਲਿੰਗ ਬਦਲੋ' ਗਤੀਵਿਧੀ ਨੂੰ ਖੇਡ ਦੇ ਰੂਪ ਵਿੱਚ ਕਰਾਉਣਾ। |
| **ਪਾਠ-8**<br>**ਸਾਡੇ ਜੀਵਨ ਵਿੱਚ ਰੁੱਖ**<br>**(ਲੇਖ)** | ਰੁੱਖਾਂ ਦੇ ਸਾਡੇ ਜੀਵਨ ਵਿੱਚ ਮਹੱਤਵ ਤੇ ਲਾਭ ਤੋਂ ਜਾਣੂ ਕਰਵਾਉਣਾ। | ਵਾਕਾਂ ਵਿੱਚ ਵਰਤੋਂ, ਵਿਰੋਧੀ ਸ਼ਬਦ, ਦੇਵਨਾਗਰੀ ਸ਼ਬਦ, ਅੱਧਕ ਦਾ ਸ਼ੁੱਧ ਉਚਾਰਨ ਅਤੇ ਵਰਤੋਂ ਢੰਗ। | | -ਵਿਦਿਆਰਥੀ ਲੇਖ ਵਿਧਾ ਬਾਰੇ ਸਿੱਖਦੇ ਹਨ।<br>-ਰੁੱਖਾਂ ਦੇ ਲਾਭ ਅਤੇ ਉਹਨਾਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਰੱਖਦੇ ਹਨ।<br>-ਅੱਧਕ ਦਾ ਸ਼ੁੱਧ ਉਚਾਰਨ, ਉਹਨਾਂ ਵਿਚਲੇ ਅੰਤਰ ਅਤੇ ਲਿਖਣ ਢੰਗ ਸਮਝਦੇ ਹਨ। | -ਵਾਤਾਵਰਨ ਸੰਬੰਧੀ ਕੋਈ ਚਿੱਤਰ ਦੇ ਕੇ ਚਿੱਤਰ ਵਰਨਣ ਕਰਵਾਉਣਾ।<br>-ਵਾਤਾਵਰਨ ਸੰਬੰਧੀ ਸਲੋਗਨ(ਨਾਅਰੇ) ਲਿਖਵਾਉਣੇ।<br>-ਅੱਧਕ ਸ਼ਬਦਾਂ ਨੂੰ ਬਲੈਕ-ਬੋਰਡ ਉੱਤੇ ਵਿਦਿਆਰਥੀਆਂ ਦੁਆਰਾ ਅਭਿਆਸ ਕਰਾਉਣਾ।<br>- 'ਰੁੱਖਾਂ ਦੇ ਲਾਭ' ਵਿਸ਼ੇ 'ਤੇ ਵਿਦਿਆਰਥੀਆਂ ਕੋਲੋਂ ਪੰਜ ਸਤਰਾਂ ਲਿਖਵਾਉਣਾ।<br>-ਸਕੂਲ ਵਿੱਚ ਰੁੱਖ ਲਗਾਉਣ ਦੀ ਗਤੀਵਿਧੀ ਕਰਾਉਣਾ। |

| | | | | | |
|---|---|---|---|---|---|
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਮੇਰਾ ਪਰਿਵਾਰ, ਪੱਤਰ- ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ-ਪੱਤਰ ਲਿਖੋ।<br>ਅਣਡਿੱਠਾ ਪੈਰਾ,<br>ਚਿੱਤਰ/ਦ੍ਰਿਸ਼ ਵਰਨਣ। | | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਦੇਖ ਕੇ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ ਅਤੇ ਅਭਿਆਸ ਕਰਾਉਣਾ।<br>-ਅਣਡਿੱਠਾ ਪੈਰਾ ਦੇ ਕੇ ਵਿਦਿਆਰਥੀਆਂ ਤੋਂ ਪ੍ਰਸ਼ਨਾਂ ਦੇ ਉੱਤਰ ਲਿਖਵਾਉਣਾ।<br>-ਚਿੱਤਰ ਵਰਨਣ ਦਾ ਅਭਿਆਸ ਕਰਾਉਣਾ।<br>-ਜਮਾਤ ਵਿੱਚ ਲੇਖ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਪੱਤਰ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਹਿਦਾਇਤ ਦੇਣੀ ਅਤੇ ਗਲਤੀਆਂ ਸੁਧਾਰਨਾ।<br>-ਚਿੱਤਰ ਵੇਖ ਕੇ ਕਹਾਣੀ ਰਚਨਾ ਦੀ ਗਤੀਵਿਧੀ ਕਰਵਾਉਣਾ। |

- **ਉਪਰੋਕਤ ਪਾਠਕ੍ਰਮ 5 ਸਤੰਬਰ 2026 ਤੱਕ ਪੂਰਾ ਕਰ ਲਿਆ ਜਾਵੇ।**
- **ਪਹਿਲੀ ਟਰਮ ਲਈ ਦੁਹਰਾਈ ਕਾਰਜ ਕਰ ਲਿਆ ਜਾਵੇ।**

| ਮਾਣਕ-ਮਾਲਾ ਭਾਗ-2 (ਪਾਠ ਸੰਖਿਆ ਅਤੇ ਨਾਂ) | ਵਿਸ਼ਾ-ਵਸਤੂ | ਵਿਆਕਰਨ ਅਤੇ ਰਚਨਾਤਮਕ ਲਿਖਣ ਕੌਸ਼ਲ | ਪਾਠਕ੍ਰਮ ਟੀਚੇ ਅਤੇ ਯੋਗਤਾਵਾਂ | ਸਿੱਖਣ ਨਤੀਜੇ | ਸੁਝਾਈਆਂ ਗਈਆਂ ਗਤੀਵਿਧੀਆਂ |
|---|---|---|---|---|---|
| **ਪਾਠ-9 ਅੱਖੀਆਂ (ਕਵਿਤਾ)** | -ਕੁਦਰਤ ਦੁਆਰਾ ਬਣਾਈਆਂ ਸੁੰਦਰ ਵਸਤੂਆਂ ਦਾ ਆਨੰਦ ਮਾਨਣ ਦਾ ਸੁਨੇਹਾ ਦੇਣਾ।<br>-ਅੱਖੀਆਂ ਨੂੰ ਸੰਸਾਰ ਦੀਆਂ ਵਸਤਾਂ ਦੇਖਦੇ ਹੋਏ ਸਹੀ ਨੂੰ ਦੇਖਣ ਅਤੇ ਮੈਲਾ ਹੋਣ ਤੋਂ ਬਚਣ ਦਾ ਸੁਨੇਹਾ ਦੇਣਾ। | ਤਸਵੀਰ ਵਰਨਣ। | CG-1 \| ਰੋਜ਼ਾਨਾ ਦੀ ਗੱਲਬਾਤ ਲਈ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿਕਸਿਤ ਕਰਨਾ, ਘਟਨਾਵਾਂ,ਸਥਿਤੀਆਂ , ਕਹਾਣੀ ਜਾਂ ਕਲਪਨਾ ਦਾ ਵਿਸਥਾਰਪੂਰਵਕ ਵਰਨਣ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਮੌਖਿਕ ਯੋਗਤਾ ਨੂੰ ਵਧਾਉਣਾ<br>- C-1.1 \| ਸੰਦਰਭ ਦੇ ਅਨੁਸਾਰ ਢੁਕਵੀਂ ਗੱਲਬਾਤ ਕਰਨਾ<br>C-1.2 \| ਵਿਭਿੰਨ ਪਾਠਾਂ (ਕਹਾਣੀਆਂ, ਕਵਿਤਾਵਾਂ ਅਤੇ ਗੱਲਬਾਤ) ਨੂੰ ਸੁਣਨਾ ਅਤੇ ਸਮੱਗਰੀ ਦੇ ਮੁੱਖ ਵਿਚਾਰਾਂ ਦਾ ਸਾਰ ਕੱਢਣਾ। \|<br>C-1.3 \| ਮੌਖਿਕ ਪੇਸ਼ਕਾਰੀਆਂ ਕਰਨਾ (ਜਿਵੇਂ ਕਿ ਜਮਾਤ ਵਿੱਚ ਬਹਿਸ, ਸਵਾਗਤੀ ਨੋਟ, ਛੋਟੇ | -ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਕਵਿਤਾ ਮੂੰਹ ਜ਼ੁਬਾਨੀ ਯਾਦ ਕਰਦੇ ਹਨ ਅਤੇ ਜਮਾਤ ਵਿੱਚ ਸੁਣਾਉਂਦੇ ਹਨ।<br>- ਪਰਮਾਤਮਾ ਦੁਆਰਾ ਬਣਾਈ ਕੁਦਰਤ ਦੀ ਖੂਬਸੂਰਤੀ ਨੂੰ ਸਮਝਦੇ ਹਨ। | -'ਅੱਖਾਂ ਦੀ ਦੇਖਭਾਲ' ਪ੍ਰਤੀ ਜਾਗਰੂਕ ਕਰਨਾ।<br>-ਕਵਿਤਾ ਦੀਆਂ ਤੁਕਾਂ ਦਾ ਵਾਰ-ਵਾਰ ਉਚਾਰਨ ਕਰਵਾ ਕੇ ਅਭਿਆਸ ਕਰਾਉਣਾ।<br>-ਕਵਿਤਾ ਵਿੱਚ ਆਏ ਔਖੇ ਸ਼ਬਦਾਂ ਦਾ ਉਸਦੇ ਅਰਥਾਂ ਨਾਲ ਮਿਲਾਨ ਕਰਾਉਣਾ।<br>- ਵਿਦਿਆਰਥੀਆਂ ਤੋਂ ਦੋ-ਤਿੰਨ ਸਤਰਾਂ ਦੀ ਕਵਿਤਾ ਲਿਖਵਾਉਣਾ।<br>-ਗਿਆਨ ਇੰਦਰੀਆਂ ਦੀ ਦੇਖਭਾਲ ਸੰਬੰਧੀ ਚਰਚਾ। |

| | | | | | |
|---|---|---|---|---|---|
| | | | ਪ੍ਰੋਗਰਾਮਾਂ ਦਾ ਸੰਚਾਲਨ, ਛੋਟੇ ਭਾਸ਼ਣ ਆਦਿ)<br>CG2 ਭਾਸ਼ਾ ਪ੍ਰਵਾਹ ਅਤੇ ਜੋ ਕੁਝ ਪੜ੍ਹਿਆ ਗਿਆ ਹੈ ਉਸਨੂੰ ਸਮਝਣ ਦੀ ਯੋਗਤਾ ਵਿਕਸਿਤ ਕਰਨਾ \|<br>C-2.1 \| ਕਹਾਣੀਆਂ ਅਤੇ ਪੈਰਿਆਂ ਨੂੰ ਸ਼ੁੱਧਤਾ, ਉਚਿਤ ਠਹਿਰਾਅ ਅਤੇ ਲੈਅ ਨਾਲ ਪੜ੍ਹਨਾ। \|<br>C-2.2 \| ਕਹਾਣੀਆਂ, ਕਵਿਤਾਵਾਂ, ਗੱਲਬਾਤ, ਪੋਸਟਰਾਂ ਅਤੇ ਹਦਾਇਤਾਂ ਦੇ ਅਰਥ ਅਤੇ ਪਾਠ ਵਿੱਚ ਮੁੱਖ ਵਿਚਾਰ ਨੂੰ ਸਮਝਣਾ। \|<br>CG-3 \| ਆਪਣੀ ਸਮਝ, ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਵਿੱਚ (ਹਦਾਇਤਾਂ, ਸੱਦਾ ਪੱਤਰ ਅਤੇ ਚਿੱਠੀਆਂ ਰਾਹੀਂ) ਪ੍ਰਗਟ ਕਰਨ ਦੀ ਯੋਗਤਾ ਵਿਕਸਿਤ ਕਰਨਾ। | | |
| **ਪਾਠ-10**<br>**ਬੁਲੰਦ ਹੌਂਸਲੇ ਦੀ ਮਿਸਾਲ-ਰਜਿੰਦਰ ਸਿੰਘ ਰਹੇਲੂ**<br>**(ਜੀਵਨੀ)** | -ਰਜਿੰਦਰ ਸਿੰਘ ਰਹੇਲੂ ਦੇ ਜੀਵਨ,ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣੂ ਕਰਵਾਉਣਾ।<br>-ਵਿਦਿਆਰਥੀਆਂ ਨੂੰ ਸਕਾਰਾਤਮਕ ਸੋਚ ਅਤੇ ਜਜ਼ਬੇ ਰਾਹੀਂ ਜੀਵਨ ਵਿੱਚ ਸਫ਼ਲਤਾ ਹਾਸਲ ਕਰਨ ਲਈ ਪ੍ਰੇਰਿਤ ਕਰਨਾ। | ਵਾਕਾਂ ਵਿੱਚ ਵਰਤੋਂ,<br>ਗੁਰਮੁਖੀ ਸ਼ਬਦ, ਵਚਨ ਬਦਲੋ। | C-3.1 ਆਪਣੀ ਸਮਝ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਲਈ ਇੱਕ ਪੈਰਾ ਲਿਖਣਾ। \| | -ਵਿਦਿਆਰਥੀ ਜੀਵਨੀ ਵਿਧਾ ਬਾਰੇ ਸਿੱਖਦੇ ਹਨ।<br>-ਰਜਿੰਦਰ ਸਿੰਘ ਰਹੇਲੂ ਦੇ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਰੱਖਦੇ ਹਨ।<br>-ਹੌਸਲੇ ਨਾਲ ਵੱਡੀ ਤੋਂ ਵੱਡੀ ਔਕੜ ਹਲ ਕਰਨ ਬਾਰੇ ਸਿੱਖਦੇ ਹਨ।<br>-ਜੀਵਨ ਵਿੱਚ ਸਦਾ ਸਕਾਰਾਤਮਕ ਰਵੱਈਆ ਅਪਨਾਉਣਾ ਸਿੱਖਦੇ ਹਨ। | -ਪ੍ਰੇਰਨਾਦਾਇਕ ਵਿਅਕਤੀਆਂ ਬਾਰੇ ਜਾਣਕਾਰੀ ਇਕੱਤਰ ਕਰਕੇ ਜਮਾਤ ਵਿੱਚ ਚਰਚਾ ਕਰਨਾ।<br>-ਵਿਸ਼ੇਸ਼ ਯੋਗਤਾ ਰੱਖਦੇ ਵਿਅਕਤੀਆਂ ਪ੍ਰਤੀ ਸੁਹਿਰਦ ਰਹਿਣ ਦੀ ਪ੍ਰੇਰਣਾ ਦੇਣਾ।<br>-ਕਿਸੇ ਪ੍ਰਸਿੱਧ ਖਿਡਾਰੀ ਬਾਰੇ ਪੰਜ ਸਤਰਾਂ ਲਿਖਣ ਲਈ ਦੇਣਾ।<br>- ਮੁਸੀਬਤ ਸਮੇਂ ਧੀਰਜ ਤੇ ਹਿੰਮਤ ਨਾਲ ਕੰਮ ਲੈਣ ਬਾਰੇ ਚਰਚਾ ਕਰਨਾ।<br>-ਵਿਦਿਆਰਥੀਆਂ ਦੇ ਛੋਟੇ-ਛੋਟੇ ਸਮੂਹਾਂ ਵਿੱਚ ਰਜਿੰਦਰ ਸਿੰਘ ਰਹੇਲੂ ਦੇ ਜੀਵਨ ਤੋਂ ਮਿਲੀ ਸਿੱਖਿਆ ਬਾਰੇ ਚਰਚਾ ਕਰਕੇ ਉਸ ਸਮੂਹ ਵਿੱਚੋਂ ਕਿਸੇ ਇੱਕ ਸਾਥੀ ਨੂੰ ਜਮਾਤ ਸਾਹਮਣੇ ਆਪਣੇ ਸਮੂਹ ਵਿੱਚ ਹੋਈ ਚਰਚਾ ਦਾ ਨਿਚੋੜ ਦੱਸਣ ਲਈ ਕਿਹਾ ਜਾਵੇ।ਹਰੇਕ ਵਿਦਿਆਰਥੀ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ। |
| **ਪਾਠ-11**<br>**ਪੰਛੀਆਂ ਦੇ ਹਸਪਤਾਲ ਦੀ ਯਾਤਰਾ**<br>**(ਲੇਖ)** | ਪੰਛੀਆਂ ਦੇ ਹਸਪਤਾਲ ਖੁੱਲਣ, ਪੰਛੀਆਂ ਦੀ ਦੇਖ-ਭਾਲ,ਬਿਮਾਰੀ ਦੇ ਲੱਛਣ ਅਤੇ ਬਚਾਵ ਬਾਰੇ ਜਾਣਕਾਰੀ ਦੇਣਾ। | ਵਿਸ਼ੇਸ਼ਣ ਸ਼ਬਦਾਂ ਦੀ ਪਛਾਣ, ਵਾਕਾਂ ਵਿੱਚ ਵਰਤੋਂ। | | -ਵਿਦਿਆਰਥੀ ਲੇਖ ਵਿਧਾ ਬਾਰੇ ਸਿੱਖਦੇ ਹਨ।<br>-ਪੰਛੀਆਂ ਪ੍ਰਤੀ ਪਿਆਰ ਤੇ ਸਹਿਣਸ਼ੀਲਤਾ ਰੱਖਦੇ ਹਨ।<br>-ਪ੍ਰਸ਼ਨ-ਉੱਤਰ ਲਿਖਦੇ ਹਨ।<br>-ਵਿਸ਼ੇਸ਼ਣ ਸ਼ਬਦਾਂ ਦੀ ਪਛਾਣ ਕਰਦੇ ਹਨ। | -ਪਸ਼ੂ-ਪੰਛੀਆਂ ਦੇ ਚਿੱਤਰ ਬਣਵਾਉਣਾ।<br>-ਪੰਛੀਆਂ ਦੀ ਦੇਖ-ਭਾਲ ਕਰਨ ਬਾਰੇ ਪੰਜ ਸਤਰਾਂ ਲਿਖਵਾਉਣਾ।<br>-ਵਿਸ਼ੇਸ਼ਣ ਦੀ ਪਰਿਭਾਸ਼ਾ ਸਮਝਾਉਣਾ ਅਤੇ ਸ਼ਬਦ ਚੁਣ ਕੇ ਕਾਪੀ ਉੱਤੇ ਲਿਖਵਾਉਣਾ।<br>- ਪਾਠ ਵਿੱਚ ਆਏ ਵਿਸ਼ੇਸ਼ਣ ਸ਼ਬਦ ਚੁਣਨ ਲਈ ਦੇਣਾ। |

| | | | | | |
|---|---|---|---|---|---|
| | | | | | - ਜੇ ਮੈਂ ਪੰਛੀਆਂ ਦਾ ਡਾਕਟਰ ਹੁੰਦਾ/ਹੁੰਦੀ ਇਸ ਵਿਸ਼ੇ 'ਤੇ ਪੰਜ ਸਤਰਾਂ ਲਿਖਵਾਉਣਾ। |
| **ਪਾਠ-12**<br>**ਟ੍ਰੈਫ਼ਿਕ ਰੈਲੀ**<br>**(ਕਹਾਣੀ)** | ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਅਤੇ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਦੇ ਪਾਲਨ ਤੋਂ ਜਾਣੂ ਕਰਾਉਣਾ। | ਮਿਲਾਨ ਕਰੋ,<br>ਕਿਰਿਆ। | | -ਵਿਦਿਆਰਥੀ ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>-ਟ੍ਰੈਫ਼ਿਕ ਨਿਯਮਾਂ ਦੀ ਜਾਣਕਾਰੀ ਰੱਖਦੇ ਹਨ ਤੇ ਟ੍ਰੈਫ਼ਿਕ ਨਿਯਮਾਂ ਦਾ ਪਾਲਨ ਕਰਦੇ ਹਨ।<br>-ਦੂਜਿਆਂ ਨੂੰ ਵੀ ਟ੍ਰੈਫ਼ਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਕੋਈ ਗਤੀਵਿਧੀ ਤਿਆਰ ਕਰਦੇ ਹਨ। | -ਵਿਦਿਆਰਥੀਆਂ ਨੂੰ ਵਿਸਤਾਰ ਸਹਿਤ ਟ੍ਰੈਫ਼ਿਕ ਨਿਯਮਾਂ ਤੋਂ ਜਾਣੂ ਕਰਵਾਉਣਾ।<br>-ਟ੍ਰੈਫ਼ਿਕ ਨਿਯਮਾਂ ਦਾ ਚਾਰਟ ਬਣਵਾ ਕੇ ਜਮਾਤ ਵਿੱਚ ਲਗਵਾਉਣਾ।<br>-ਸਵੇਰ ਸਭਾ ਵਿੱਚ ਵਿਦਿਆਰਥੀਆਂ ਦੁਆਰਾ ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦੇਣਾ।<br>-ਟ੍ਰੈਫ਼ਿਕ ਨਿਯਮਾਂ 'ਤੇ ਜਮਾਤ ਵਿੱਚ ਰੋਲ ਪਲੇ ਜਾਂ ਨਾਟਕ ਕਰਵਾਉਣਾ |
| **ਪਾਠ-13**<br>**ਹੋਲੀ**<br>**(ਕਵਿਤਾ)** | ਹੋਲੀ ਦੇ ਤਿਉਹਾਰ ਅਤੇ ਉਸਨੂੰ ਮਨਾਉਣ ਦੇ ਢੰਗ ਬਾਰੇ ਜਾਣਕਾਰੀ ਦੇਣਾ। | ਤਸਵੀਰ ਵਰਨਣ। | | -ਵਿਦਿਆਰਥੀ ਕਵਿਤਾ ਵਿਧਾ ਬਾਰੇ ਸਿੱਖਦੇ ਹਨ।<br>-ਕਵਿਤਾ ਦਾ ਆਨੰਦ ਮਾਣਦੇ ਹਨ।<br>- ਹੋਲੀ ਦੇ ਤਿਉਹਾਰ ਮਨਾਉਣ ਪਿੱਛੇ ਜੁੜੀ ਕਹਾਣੀ ਬਾਰੇ ਜਾਣਕਾਰੀ ਹਾਸਿਲ ਕਰਦੇ ਹਨ।<br>-ਤਿਉਹਾਰਾਂ ਦਾ ਜੀਵਨ ਵਿੱਚ ਮਹੱਤਵ ਸਮਝਦੇ ਹਨ। | -ਹੋਲੀ ਦੇ ਤਿਉਹਾਰ ਦੀ ਡਰਾਇੰਗ ਬਣਵਾਉਣਾ।<br>-ਵਿਦਿਆਰਥੀਆਂ ਦੇ ਮਨਪਸੰਦ ਤਿਉਹਾਰ ਬਾਰੇ ਜਮਾਤ ਵਿੱਚ ਚਰਚਾ ਕਰਨਾ।<br>- ਹੋਲੀ ਤਿਉਹਾਰ ਨਾਲ ਸੰਬੰਧਿਤ ਕੋਲਾਜ ਤਿਆਰ ਕਰਵਾਉਣਾ।<br>- ਕਵਿਤਾ ਦਾ ਸਮੂਹ ਵਾਚਨ ਕਰਵਾਉਣਾ। |
| **ਪਾਠ-14**<br>**ਮੋਤੀ**<br>**(ਕਹਾਣੀ)** | ਜਾਨਵਰਾਂ ਪ੍ਰਤੀ ਪਿਆਰ ਅਤੇ ਜਾਨਵਰਾਂ ਦੀ ਵਫ਼ਾਦਾਰੀ ਨੂੰ ਵਿਦਿਆਰਥੀਆਂ ਸਾਹਵੇਂ ਸਾਕਾਰ ਕਰਨਾ। | ਮਿਲਾਨ ਕਰੋ,<br>ਵਿਰੋਧੀ ਸ਼ਬਦ। | | -ਵਿਦਿਆਰਥੀ ਕਹਾਣੀ ਵਿਧਾ ਬਾਰੇ ਸਿੱਖਦੇ ਹਨ।<br>-ਮਨੁੱਖਾਂ ਅਤੇ ਜਾਨਵਰਾਂ ਦੇ ਸਹਿ-ਅਸਤਿਤਵ ਬਾਰੇ ਸਿੱਖਦੇ ਹਨ।<br>-ਪਾਠ ਅਭਿਆਸ ਲਿਖਦੇ ਹਨ। | -ਵਿਦਿਆਰਥੀਆਂ ਤੋਂ ਉਹਨਾਂ ਦੇ ਮਨਪਸੰਦ ਪਾਲਤੂ ਜਾਨਵਰ ਦੀ ਸੰਭਾਲ ਕਰਨ ਬਾਰੇ ਪੁੱਛਣਾ।<br>- ਵਿਦਿਆਰਥੀਆਂ ਕੋਲੋਂ ਪਾਲਤੂ ਤੇ ਜੰਗਲੀ ਜਾਨਵਰਾਂ ਦੀ ਸੂਚੀ ਤਿਆਰ ਕਰਵਾਉਣਾ।<br>-ਵਿਦਿਆਰਥੀਆਂ ਤੋਂ ਕਿਸੇ ਜਾਨਵਰ/ਪੰਛੀ ਉੱਤੇ ਅਧਾਰਿਤ ਕਹਾਣੀ ਸੁਣਨਾ।<br>- ਵਿਰੋਧੀ ਸ਼ਬਦਾਂ ਦੀ ਟੀਮ ਗਤੀਵਿਧੀ ਕਰਵਾਉਣਾ। |
| **ਪਾਠ-15**<br>**ਲੋਕਗੀਤ**<br>**(ਸੁੰਦਰ-ਮੁੰਦਰੀਏ)**<br>**ਸਿਰਫ਼ ਪੜ੍ਹਨ ਲਈ** | ਲੋਹੜੀ ਮੰਗਣ ਸਮੇਂ ਗਾਏ ਜਾਣ ਵਾਲੇ ਲੋਕਗੀਤ ਸੁੰਦਰ -ਮੁੰਦਰੀਏ ਤੋਂ ਜਾਣੂ ਕਰਾਉਣਾ। | ਤਸਵੀਰ ਵਰਨਣ। | | -ਮਨੁੱਖ ਦੇ ਜੀਵਨ ਵਿੱਚ ਲੋਕਗੀਤਾਂ ਦੇ ਮਹੱਤਵ ਬਾਰੇ ਸਿੱਖਦੇ ਹਨ।<br>-ਲੋਕਗੀਤ ਨੂੰ ਯਾਦ ਕਰਕੇ ਗਾਉਂਦੇ ਹਨ। | -ਵਿਦਿਆਰਥੀਆਂ ਤੋਂ ਉਹਨਾਂ ਦੇ ਇਲਾਕੇ ਵਿੱਚ ਪ੍ਰਚੱਲਤ ਲੋਕਗੀਤ ਸੁਣਨਾ।<br>- ਲੋਕਗੀਤਾਂ ਦੇ ਸਾਡੇ ਜੀਵਨ ਵਿੱਚ ਮਹੱਤਵ ਬਾਰੇ ਚਰਚਾ ਕਰਨਾ।<br>-ਤਸਵੀਰ ਦੇ ਆਧਾਰ 'ਤੇ ਲੋਹੜੀ ਤਿਉਹਾਰ ਦਾ ਵਰਨਣ ਲਿਖਵਾਉਣਾ।<br>-ਕਿਸੇ ਹੋਰ ਭਾਸ਼ਾ ਦੇ ਲੋਕਗੀਤ ਲਿਖਣਾ ਅਤੇ ਜਮਾਤ ਵਿੱਚ ਸੁਣਾਉਣਾ। |
| **ਪਾਠ ਅਭਿਆਸ ਵਿੱਚ ਦਰਜ ਵਿਆਕਰਨ ਤੋਂ ਵਧੀਕ ਵਿਆਕਰਨ ਦੇ ਪਹਿਲੂ** | | ਲੇਖ- ਦੀਵਾਲੀ,ਹੋਲੀ<br>ਪੱਤਰ- ਆਪਣੇ ਸਕੂਲ ਮੁਖੀ ਨੂੰ ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। | | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਦੇ ਹਨ।<br>-ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਹਨ।<br>-ਚਿੱਤਰ ਵਰਨਣ ਕਰਦੇ ਹਨ। | -ਲੇਖ ਅਤੇ ਪੱਤਰ ਦਾ ਫਾਰਮੇਟ ਸਮਝਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਵਿੱਚ ਸਹਾਇਤਾ ਕਰਨੀ। |

| | | | | | |
|---|---|---|---|---|---|
| | | ਅਣਡਿੱਠਾ ਪੈਰਾ, ਚਿੱਤਰ/ਦ੍ਰਿਸ਼ ਵਰਨਣ। | | | -ਕੋਈ ਚਿੱਤਰ ਦੇ ਕੇ ਵਰਨਣ ਕਰਨ ਦਾ ਅਭਿਆਸ ਕਰਾਉਣਾ।<br>-ਜਮਾਤ ਵਿੱਚ ਲੇਖ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਪੱਤਰ ਲਿਖਣ ਦੀ ਮੁਕਾਬਲਾ ਗਤੀਵਿਧੀ ਕਰਵਾਉਣਾ।<br>-ਅਣਡਿੱਠਾ ਪੈਰਾ ਦੇ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਹਿਦਾਇਤ ਦੇਣੀ ਅਤੇ ਗਲਤੀਆਂ ਸੁਧਾਰਨਾ।<br>- ਚਿੱਤਰ ਵੇਖ ਕੇ ਕਹਾਣੀ ਰਚਨਾ ਦੀ ਗਤੀਵਿਧੀ ਕਰਵਾਉਣਾ। |

- **ਉਪਰੋਕਤ ਪਾਠਕ੍ਰਮ 30 ਜਨਵਰੀ 2027 ਤੱਕ ਪੂਰਾ ਕਰ ਲਿਆ ਜਾਵੇ। ਪਾਠਕ੍ਰਮ ਪੂਰਾ ਹੋਣ ਉਪਰੰਤ ਦੁਹਰਾਈ ਕਰਵਾਈ ਜਾਵੇ।**
- **ਸਲਾਨਾ ਪ੍ਰੀਖਿਆ ਵਿੱਚ ਪੂਰੇ ਪਾਠਕ੍ਰਮ ਦਾ ਮੁਲਾਂਕਣ ਕੀਤਾ ਜਾਵੇਗਾ।**